# ਦਫਤਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟ੍ਰੇਟ ਫਿਰੋਜਪੁਰ

## Office of the Deputy Commissioner Cum District Magistrate Ferozepur

(ਫੁਟਕਲ ਸਾਖਾ)

ਹੁਕਮ 385

ਕੋਵਿਡ-19 (ਕਰੋਨਾ ਵਾਇਰਸ) ਵਾਇਰਸ ਵੱਲੋ ਪੂਰੇ ਵਿਸ਼ਵ ਵਿੱਚ ਦਹਿਸ਼ਤ ਫੈਲਾਈ ਹੈ। ਜਿਸ ਨੂੰ ਸਰਕਾਰ ਵੱਲੋ ਮਹਾਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿਚ ਵੀ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੋ ਚੁੱਕੀ ਹੈ।

ਜਿਸ ਨੂੰ ਮੁੱਖ ਰੱਖਦੇ ਹੋਏ ਮੇਰੇ ਹੁਕਮ ਜੋ ਕਿ ਇਸ ਦਫਤਰ ਦੇ ਪੱਤਰ ਨੰਬਰ 793/ਫਸ/ਫਕ-1 ਮਿਤੀ 23/03/2020ਰਾਹੀ ਜ਼ਿਲ੍ਹਾ ਫਿਰੋਜਪੁਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਜਾਰੀ ਕੀਤੇ ਗਏ ਸਨ।ਕਰਫਿਊ ਦੋਰਾਨ ਆਟੇ ਦੀ ਕਿਲਤ ਨਾ ਹੋਵੇ।ਇਸ ਲਈ ਫਲੋਰ ਮਿਲ ਅਤੇ ਆਟਾ ਚੱਕੀਆਂ ਨੂੰ ਆਟਾ ਪੀਸਣ ਦੀ ਇਜਾਜਤ ਦਿੱਤੀ ਜਾਂਦੀ ਹੈ। ਜੋ ਕਰਿਆਣਾ ਦੇ ਹੋਲ ਸੇਲਰ/ਰਿਟਲੇਰ ਹਨ। ਉਹ ਸਿਧੇ ਤੋਰ ਤੇ ਇਹਨਾਂ ਚੱਕੀਆਂ ਤੋ ਆਟਾ ਚੱਕ ਸਕਦੇ ਹਨ। ਇਹ ਸਾਰਾ ਆਪਰੇਸ਼ਨ ਕਰਦੇ ਸਮੇ ਲੋਡਿਗ ਅਨਲੋਡਿੰਗ ਕਰਦੇ ਸਮੇ 10 ਤੋ ਵੱਧ ਵਿਅਕਤੀ ਇਕ ਸਥਾਨ ਉਤੇ ਇਕੱਠੇ ਨਹੀ ਹੋਣਗੇ ਅਤੇ ਮਾਸਕ ਆਦਿ ਦਾ ਇਸਤੇਮਾਲ ਕਰਨਾਂ ਯਕੀਨੀ ਬਣਾਉਗੇ। ਇਹਨਾਂ ਸਾਰੀਆਂ ਚੱਕੀਆਂ ਨੂੰ ਕਣਕ ਦੀ ਸਪਲਾਈ ਕਰਨ ਸਬੰਧੀ ਪੇਮੈਂਟ ਬੇਸਿਸ ਤਸ ਕਣਕ ਦਿਵਾਉਣ ਦੀ ਕੁਆਰਡਿਨੇਸ਼ਨ ਸ੍ਰੀ ਪਿੰਦਰ ਸਿੰਘ,ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ, ਫਿਰੋਜਪੁਰ ਅਤੇ ਸ੍ਰੀ ਵਿਨੀਤ ਗੋਇਲ, ਜ਼ਿਲ੍ਹਾ ਮੈਨੇਜਰ ਪਨਸਪ, ਫਿਰੋਜਪੁਰ ਕਰਨਗੇ। ਆਟਾ ਚੱਕੀਆਂ/ਫਲੋਰ ਮਿਲਾਂ ਨੂੰ ਜਾ ਰਹੀ ਕਣਕ ਅਤੇ ਆਟਾ ਦੇਣ ਜਾ ਰਹੇ ਵਾਹਨਾਂ/ਰੇਹੜੀਆਂ/ਥ੍ਰੀ-ਵਹੀਲਰਾਂ ਨੂੰ ਕਰਫਿਉ ਦੋਰਾਨ ਕਿਸੇ ਪਾਸ ਲੋੜ ਨਹੀ ਹੋਵੇਗੀ। ਇਹਨਾਂ ਵਾਹਨਾਂ ਨੂੰ ਕਿਤੇ ਵੀ ਰੋਕਿਆ ਨਹੀ ਜਾਵੇਗਾ।

ਜ਼ਿਲ੍ਹਾ ਮੈਜਿਸਟ੍ਰੇਟ
ਫਿਰੋਜਪੁਰ

ਪਿੰਠਅੰਕਣ ਨੰਬਰ:2020/ਫਸ/ਫਕ-1/ 918 ਮਿਤੀ 27.03.2020

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ

1 ਕਮਿਸ਼ਨਰ, ਫਿਰੋਜਪੁਰ ਮੰਡਲ, ਫਿਰੋਜਪੁਰ
2. ਸੀਨੀਅਰ ਪੁਲਿਸ ਕਪਤਾਨ,ਫਿਰੋਜਪੁਰ
3 ਸਮੂਹ ਉਪ ਮੰਡਲ ਮੈਜਿਸਟਰੇਟ, ਜ਼ਿਲ੍ਹਾ ਫਿਰੋਜਪੁਰ
4 ਜ਼ਿਲ੍ਹਾ ਕੰਟਰੋਲਰ, ਖੁਰਾਕ ਅਤੇ ਸਿਵਲ ਸਪਲਾਈ, ਫਿਰੋਜਪੁਰ
5 ਜ਼ਿਲ੍ਹਾ ਮੈਨੇਜਰ ਪਨਸਪ,ਫਿਰੋਜਪੁਰ
6 ਸਮੂਹ ਤਹਿਸੀਲਦਾਰ,ਜ਼ਿਲ੍ਹਾ ਫਿਰੋਜਪੁਰ
17 ਜ਼ਿਲ੍ਹਾ ਲੋਕ ਸਪੰਰਕ ਅਫ਼ਸਰ, ਫਿਰੋਜਪੁਰ
18 ਪੀ.ਏ ਟੂ ਡਿਪਟੀ ਕਮਿਸ਼ਨਰ, ਸਟੈਨੋ ਟੂ ਵਧੀਕ ਡਿਪਟੀ ਕਮਿਸ਼ਨਰ (ਜਨ), ਸੁਪਰੰਡਟ ਗਰੇਟ-1

ਜ਼ਿਲ੍ਹਾ ਮੈਜਿਸਟ੍ਰੇਟ
ਫਿਰੋਜਪੁਰ

Scanned with CamScanner